# Bhandal Dental Practice




ਭੰਡਾਲ ਡੈਂਟਲ ਸਰਜਰੀ (Bhandal Dental Surgery) ਕੁਵੈਂਟਰੀ ਵਿੱਚ ਸਥਾਪਿਤ ਦੰਦਾਂ ਦੇ ਡਾਕਟਰਾਂ ਦੀਆਂ ਸੱਭ ਤੋਂ ਵੱਡੀਆਂ ਸਰਜਰੀਆਂ ਵਿੱਚੋਂ ਇੱਕ ਹੈ, ਜਿਸ ਵਿੱਚ ਛੇ, ਸੌਖ ਲਈ ਸਥਾਪਿਤ ਕਈ ਪ੍ਰਕਾਰ ਦੇ ਦੰਦਸਾਜੀ ਇਲਾਜ਼ਾਂ ਵਿੱਚ ਮੁਹਾਰਤਾਂ ਰੱਖਣ ਵਾਲੀਆਂ ਸਰਜਰੀਆਂ ਹਨ। ਸਾਡੀਆਂ ਸਰਜਰੀਆਂ ਫੋਲਸਹਿੱਲ (Foleshill), ਬੱਲਕਿੰਗਟਨ (Bulkington), ਲਾਇਟ ਲੇਨ (Light Lane), ਟਾਇਲ ਹਿੱਲ (Tile Hill), ਸਟੋਕ ਐਲਡਰਮੂਅਰ (Stoke Aldermoor), ਅਤੇ ਵੁੱਡ ਐਂਡ (Wood End) ਵਿੱਖੇ ਸਥਾਪਿਤ ਹਨ।

ਐਨ.ਏਚ.ਐਸ. ਦੰਦਸਾਜੀ ਸੇਵਾ ਪ੍ਰਦਾਨ ਕਰਨ ਦੇ ਨਾਲ, ਸਾਡੀਆਂ ਸਰਜਰੀਆਂ ਸੰਪੂਰਨ ਬਹਾਲੀ, ਸ਼ਿੰਗਾਰਪੂਰਨ ਅਤੇ ਨਿਵਾਰਕ ਦੰਦਸਾਜੀ ਸੇਵਾਵਾਂ ਪ੍ਰਦਾਨ ਕਰ ਸਕਦੇ ਹਾਂ। ਅਸੀਂ ਆਪਣੇ ਪੇਸ਼ਾਵਰ ਅਤੇ ਧਿਆਨ ਦੇਣ ਵਾਲੇ ਕਰਮਚਾਰੀਆਂ ਤੇ ਮਾਣ ਕਰਦੇ ਹਾਂ, ਜਿਨ੍ਹਾਂ ਦਾ ਸਾਂਝਾ ਟੀਚਾ ਹੈ: ਤੁਹਾਨੂੰ ਭਰੋਸੇ ਨਾਲ ਮੁਸਕਾਉਣ ਵਿੱਚ ਮਦਦ ਕਰਨੀ। ਸਾਡੇ ਦਫ਼ਤਰ ਵਿੱਚ ਸੱਭ ਤੋਂ ਅਧੁਨਿਕ ਟੈਕਨਾਲੋਜੀ ਨਾਲ ਸੁਸੱਜਤ ਹੈ, ਜਿਸ ਵਿੱਚ ਡੀਜੀਟਲ ਐਕਸ-ਰੇ, ਅਤੇ ਸ਼ਾਂਤੀਕਰਨ ਦੰਦਸਾਜੀ, ਜੋ ਸੱਭ ਤੋਂ ਵੱਧ ਘੱਬਰਾਏ ਹੋਏ ਮਰੀਜ਼ਾਂ ਨੂੰ ਵੀ ਸ਼ਾਂਤ ਕਰਨ ਵਿੱਚ ਮਦਦ ਕਰੇਗੀ ਵੀ ਸ਼ਾਮਲ ਹਨ।

ਤੁਹਾਡੀ ਕੁੱਝ ਵੀ ਲੋੜ ਹੋਵੇ, ਜੇ ਤੁਸੀਂ ਕੁਵੈਂਟਰੀ ਵਿੱਚ ਦੰਦਸਾਜ ਦੀ ਭਾਲ ਕਰ ਰਹੇ ਹੋ, ਤਾਂ ਭੰਡਾਲ ਡੈਂਟਲ ਪਰੈਕਟਿਸ (Bhandal Dental Practice) ਤੋਂ ਅਗਾਂਹ ਦੇਖਣ ਦੀ ਲੋੜ ਨਹੀਂ। ਸਾਡਾ ਬੁਨਿਆਦੀ ਕਾਰਜ ਕੇਂਦਰ ਤੁਹਾਡੀਆਂ ਅਤੇ ਤੁਹਾਡੇ ਪਰਿਵਾਰ ਦੀਆਂ ਸੰਪੂਰਨ ਦੰਦਸਾਜੀ ਦੇਖਭਾਲ ਲੋੜਾਂ ਹੈ, ਅਤੇ ਸਾਡਾ ਵਿਸ਼ਵਾਸ ਹੈ ਕਿ ਜਦੋਂ ਤੁਸੀਂ ਸਾਨੂੰ ਚੁਣੋਂ, ਅਸੀਂ ਇੱਕ ਲੰਮੇ-ਸਮੇਂ ਦਾ ਸਿਹਤਮੰਦ ਦੰਦਸਾਜੀ ਨਾਤਾ ਸਥਾਪਿਤ ਕਰ ਰਹੇ ਹਾਂ।

ਵਿਸ਼ੇਸ਼ ਸਹੂਲਤਾਂ:

- ਅਸੀਂ ਅੰਗਹੀਣ ਮੁਲਾਕਾਤੀਆਂ ਲਈ ਲਿੱਫਟਾਂ, ਰੈਂਪਾਂ, ਜਮੀਨ ਦੀ ਮੰਜ਼ਲ ਤੇ ਸਰਜਰੀਆਂ ਅਤੇ ਟੌਇਲਟਾਂ ਤੱਕ ਪਹੁੰਚਣ ਲਈ ਅੰਗਹੀਣ ਪਹੁੰਚ ਦੀਆਂ ਸਹੂਲਤਾਂ ਪ੍ਰਦਾਨ ਕਰਦੇ ਹਾਂ।
- ਸਾਡੇ ਆਪਣੇ ਸੀਰਾਮਿਕ ਸਿਲਸਲਾ ਅਤੇ ਸਿੱਖਿਆ ਪ੍ਰਾਪਤ ਦੰਦਸਾਜਾਂ ਨਾਲ ਅਸੀਂ ਤੁਹਾਨੂੰ ਇੱਕ ਫੇਰੇ ਵਿੱਚ ਹੀ ਦੰਦ ਮੜ੍ਹਾਉਣ, ਦੰਦ ਭਰਾਈ ਅਤੇ ਦੰਦਾਂ ਤੇ ਪਰਤ ਚੜ੍ਹਾਉਣ ਦੀਆਂ ਸੇਵਾਵਾਂ ਪੇਸ਼ ਕਰ ਸਕਦੇ ਹਾਂ।
- **ਘੱਬਰਾਏ ਹੋਏ ਮਰੀਜ਼ਾਂ** ਲਈ ਅਸੀਂ ਸ਼ਾਂਤਕਾਰੀ ਦਵਾਈ ਦੋਵੇਂ ਨਾੜ ਅਤੇ ਮੂੰਹ ਦੁਆਰਾ ਪ੍ਰਦਾਨ ਕਰਦੇ ਹਾਂ।
- ਜੇ ਤੁਹਾਡੇ ਦਰਦ ਹੋ ਰਿਹਾ ਹੋਵੇ, ਦੰਦ ਟੁੱਟ ਗਿਆ ਹੋਵੇ, ਦੰਦ ਦੀ ਮੜ੍ਹਤ ਜਾਂ ਬਰਿਜ ਗੁਆਚ ਗਿਆ ਹੋਵੇ, ਦੰਦ ਦੀ ਭਰਤ ਨਿਕਲ ਗਈ ਹੋਵੇ, ਬਣਾਉਟੀ ਦੰਦ ਟੁੱਟ ਗਏ ਹੋਣ, ਮੂੰਹ ਵਿੱਚ ਸੋਜਿਸ਼ ਜਾਂ ਮਸੂੜਿਆਂ ਦੀ ਲਾਗ ਹੋਵੇ ਤਾਂ **ਅਸੀਂ ਅਮਰਜੈਂਸੀ ਸੇਵਾ** ਪ੍ਰਦਾਨ ਕਰਦੇ ਹਾਂ। ਤੁਹਾਡੀ ਦੰਦਸਾਜੀ ਅਮਰਜੈਂਸੀ ਕੋਈ ਵੀ ਹੋਵੇ ਬਿਨ੍ਹਾਂ ਝਿੱਜਕ ਸਾਡੇ ਨਾਲ 02476 686 690 ਤੇ ਸੰਪਰਕ ਕਰੋ, ਸਾਡੇ ਰੀਸੈਪਸ਼ਨ ਦੇ ਕਰਮਚਾਰੀ ਤੁਹਾਨੂੰ ਹਮੇਸ਼ਾਂ ਉਸੇ ਦਿਨ ਦੀ ਅਪੌਇੰਟਮੈਂਟ ਦੇਣ ਦੀ ਕੋਸਿਸ਼ ਕਰਨਗੇ। ਜੇ ਤੁਹਾਡੀ ਅਮਰਜੈਂਸੀ ਸਾਡੇ ਖੱਲ੍ਹਣ ਦੇ ਸਮੇਂ ਤੋਂ ਬਾਹਰ ਹੋਵੇ ਤਾਂ ਕੁਵੈਂਟਰੀ ਪ੍ਰਾਇਮਰੀ ਕੇਅਰ ਟਰੱਸਟ (Coventry Primary Care Trust) ਵੱਲੋਂ 0845 608 027 ਤੇ ਅਮਰਜੈਂਸੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।

ਆਮ ਦੰਦਸਾਜੀ ਸੇਵਾਵਾਂ ਵਿੱਚ ਸ਼ਾਮਲ ਹਨ: ਦੰਦਾਂ ਦੀਆਂ ਜਾਂਚਾਂ, ਦੰਦਾਂ ਦੀ ਸਫ਼ਾਈ ਅਰੋਗਤਾ, ਇੱਕੋ ਵੇਰ ਆਉਣ ਸਮੇਂ ਤੇ ਦੰਦਾਂ ਤੇ ਮੜ੍ਹਤ, ਮਸੂੜਿਆਂ ਦਾ ਇਲਾਜ਼, ਦੰਦ ਕੱਢਣੇ, ਦੰਦਾਂ ਦੇ ਬਰੇਸ ਅਤੇ ਰੂਟ ਕਾਨਾਲ।
ਸ਼ਿੰਗਾਰਪੂਰਨ ਦੰਦਸਾਜੀ ਸੇਵਾਵਾਂ ਵਿੱਚ ਸ਼ਾਮਲ ਹਨ: ਦੰਦ ਚਿੱਟੇ ਕਰਨੇ, ਦੰਦ ਸਿੱਧੇ ਕਰਨੇ, ਦੰਦਾਂ ਤੇ ਪਰਤ, ਦੰਦਾਂ ਤੇ ਮੜ੍ਹਤ, ਦੰਦ ਭਰਾਈ, ਬਰਿਜ, ਲਿੰਗੂਅਲ ਬਰੇਸ, ਇੰਨਲੇ ਅਤੇ ਬਨਾਵਟੀ ਦੰਦ ਸ਼ਾਮਲ ਹਨ।

ਸਾਡੀ ਮੁੱਖ ਦੰਦਸਾਜੀ ਸਰਜਰੀ ਫੋਲਸਹਿੱਲ ਰੋਡ (Foleshill Road) ਤੇ ਸਥਿਤ ਹੈ, ਇਸ ਕਰਕੇ ਸਾਡੇ ਵੱਲੋਂ ਪੇਸ਼ ਕੀਤੇ ਜਾ ਰਹੇ ਕੁੱਝ ਇਲਾਜ਼ ਕੇਵਲ ਇਸ ਸਰਜਰੀ ਵਿੱਚ ਹੀ ਉਪਲਬੱਧ ਹਨ। ਤੁਹਾਡੇ ਇਲਾਜ਼ ਲਈ ਸੱਭ ਤੋਂ ਚੰਗਾ ਸਥਾਨ ਲੱਭਣ ਲਈ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਕਿਰਪਾ ਕਰਕੇ 024 76 686 690 ਤੇ ਫ਼ੋਨ ਕਰੋ।

024 7668 6690

www.bhandaldentistry.co.uk